# Yuba City Unified School District

# Intra/Inter District Transfer Requests

## *ਯੂਬਾ ਸਿਟੀ ਯੂਨੀਫਾਈਡ ਸਕੂਲ ਡਿਸਟ੍ਰਿਕਟ ਇੰਟਰ/ਇੰਟਰਾ ਡਿਸਟ੍ਰਿਕਟ ਟ੍ਰਾਂਸਫਰ ਲਈ ਬੇਨਤੀ*

> *ਕ੍ਰਿਪਾ ਕਰਕੇ ਨੋਟ ਕਰੋ: ਮਾਪੇ/ਗਾਰਡੀਅਨਾ ਲਈ ਇੰਟਰਾ-ਡਿਸਟ੍ਰਿਕਟ ਅਤੇ ਇੰਟਰ-ਡਿਸਟ੍ਰਿਕਟ ਬੇਨਤੀਆਂ, **1 ਮਾਰਚ 2018 ਅਤੇ 1 ਮਈ 2018 ਦੇ ਵਿੱਚਕਾਰ** ਡਿਸਟ੍ਰਿਕਟ ਨੂੰ ਦੇਣੀਆਂ ਲਾਜ਼ਮੀਂ ਹਨ। ਲੇਟ ਬੇਨਤੀਆਂ ਤੇ ਵਿਚਾਰ ਨਹੀਂ ਕੀਤੀ ਜਾਵੇਗੀ ਤਾਂ ਜੋ ਸਾਰੇ ਡਿਸਟ੍ਰਿਕਟ ਵਿੱਚ ਅਸੀਂ ਸਟਾਫ ਨੂੰ ਪ੍ਰਭਾਵਸ਼ਾਲੀ ਤਰੀਕੇ ਨਾਲ ਸੰਤੁਲਿਤ ਰੱਖ ਸਕੀਏ, ਜੋ ਕਿ ਕਿਸੇ ਖਾਸ ਸਕੂਲ ਵਿੱਚਲੀ ਕਲਾਸ ਵਿੱਚ ਵਿਦਿਆਰਥੀਆਂ ਦੀ ਗਿਣਤੀ ਤੇ ਨਿਰਭਰ ਨਹੀਂ ਕਰਦਾ ਹੈ।*

ਸਕੂਲੀ ਸਾਲ 2018-2019 ਲਈ, ਆਨਲਾਈਨ ਕਿੰਡਰਗਾਰਟਨ ਟ੍ਰਾਂਸਫਰ ਲਈ ਬੇਨਤੀਆਂ ਪ੍ਰਾਪਤ ਕਰਨ ਦਾ ਸਮਾਂ 1 ਮਾਰਚ, 2018 ਨੂੰ ਖੁੱਲ੍ਹ ਰਿਹਾ ਹੈ ਅਤੇ ਜੋ 1 ਮਈ, 2018 ਤੱਕ ਜਾਰੀ ਰਹੇਗਾ। ਅਸੀਂ ਟ੍ਰਾਂਸਫਰ ਲਈ ਬੇਨਤੀ ਕਰਨ ਵਾਲੇ ਪਰਿਵਾਰਾਂ ਨੂੰ 1 ਜੁਲਾਈ, 2018 ਤੱਕ ਜਾਂ ਨੇੜੇ ਉਹਨਾ ਦੀ ਟ੍ਰਾਂਸਫਰ ਦੀ ਅਰਜੀ ਦੀ ਸਥਿਤੀ/ਸਟੇਟਸ ਬਾਰੇ ਸੂਚਨਾ ਦੇਣ ਦੀ ਆਸ ਕਰਦੇ ਹਾਂ।

**ਯੂਬਾ ਸਿਟੀ ਯੂਨੀਫਾਈਡ ਸਕੂਲ ਡਿਸਟ੍ਰਿਕਟ ਦੀ ਹੱਦ ਵਿੱਚ ਰਹਿਣ ਵਾਲੇ ਪਰਿਵਾਰਾਂ ਲਈ:**

ਜਦੋਂ ਇੱਕ ਵਾਰੀ ਆਪਜੀ ਦੀ **ਇੰਟਰਾ ਡਿਸਟ੍ਰਿਕਟ ਟ੍ਰਾਂਸਫਰ (ਡਿਸਟ੍ਰਿਕਟ ਦੇ ਵਿੱਚ)** ਲਈ ਬੇਨਤੀ ਪ੍ਰਵਾਨ ਹੋ ਜਾਂਦੀ ਹੈ ਤਾਂ ਆਪਜੀ ਨੂੰ ਉਸ ਸਕੂਲ ਲਈ ਦੁਬਾਰਾ ਬੇਨਤੀ ਪੱਤਰ ਭਰਨ ਦੀ ਲੋੜ ਨਹੀਂ ਹੈ, ਅਤੇ ਇਹ ਬੇਨਤੀ ਉਸ ਸਕੂਲ ਦੇ ਆਖਰੀ ਗ੍ਰੇਡ ਤੱਕ ਲਾਗੂ ਰਹੇਗੀ। ਇੱਕ ਨਵੇਂ ਟ੍ਰਾਂਸਫਰ ਬੇਨਤੀ ਪੱਤਰ ਦੀ ਲੋੜ ਕੇਵਲ ਉਸ ਸਮੇਂ ਹੀ ਹੋਵੇਗੀ ਜਦੋਂ ਵਿਦਿਆਰਥੀ ਐਲੀਮੈਂਟਰੀ ਅਤੇ ਜੂਨੀਅਰ ਹਾਈ; ਅਤੇ ਨਾਲ ਹੀ ਜੂਨੀਅਰ ਹਾਈ ਅਤੇ ਹਾਈ ਸਕੂਲ ਵਿੱਚ ਤਬਦੀਲ ਹੋਵੇਗਾ। ਕਿੰਡਰਗਾਰਟਨ – 8ਵੀਂ ਗ੍ਰੇਡ ਦੇ ਵਿਦਿਆਰਥੀ ਕੇਵਲ ਹਾਈ ਸਕੂਲ ਵਿੱਚ ਤਬਦੀਲੀ ਸਮੇਂ ਹੀ ਦੁਬਾਰਾ ਬੇਨਤੀ ਪੱਤਰ ਭਰਨਗੇ।

ਮਾਪੇ/ਗਾਰਡੀਅਨਾ ਲਈ ਤਬਦੀਲੀ ਦਾ ਇਹ ਬੇਨਤੀ ਪੱਤਰ ਆਨ-ਲਾਈਨ ਭਰਨਾ ਲਾਜ਼ਮੀਂ ਹੈ।

ਇਸ ਸਾਲ ਕੋਈ ਵੀ ਪੇਪਰ ਅਰਜੀ ਪ੍ਰਵਾਨ ਨਹੀਂ ਕੀਤੀ ਜਾਵੇਗੀ। ਜੇਕਰ ਆਪਜੀ ਨੂੰ ਕੰਮਪਿਊਟਰ ਦੀ ਲੋੜ ਹੈ ਤਾਂ ਇੱਥੇ ਡਿਸਟ੍ਰਿਕਟ ਦੇ ਆਫਿਸ 750 ਪਲੋਰਾ ਐਵਨਿਊ ਤੇ ਕੰਮਪਿਊਟਰ ਉਪਲਭਧ ਹੋਣਗੇ।

ਸਾਰੇ **ਇੰਟਰ ਡਿਸਟ੍ਰਿਕਟ (ਯੂਬਾ ਸਿਟੀ ਯੂਨੀਫਾਈਡ ਸਕੂਲ ਡਿਸਟ੍ਰਿਕਟ ਦੀ ਹੱਦ ਬੰਦੀ ਤੋਂ ਬਾਹਰ ਰਹਿਣ ਵਾਲੇ ਵਿਦਿਆਰਥੀ)** ਬੇਨਤੀ ਪੱਤਰ ਭਰਨ ਵਾਲੇ ਕੇਵਲ ਉਹੀ ਵਿਦਿਆਰਥੀ ਪ੍ਰਵਾਨ ਕੀਤੇ ਜਾਣਗੇ ਜਿਨ੍ਹਾਂ ਦੇ ਵਧੀਆ ਗ੍ਰੇਡ, ਸਕੂਲੀ ਹਾਜ਼ਰੀ ਅਤੇ ਵਿਵਹਾਰ ਹੋਣ ਦੀ ਹਿਸਟਰੀ ਬਾਰੇ ਸਕੂਲੀ ਪ੍ਰਬੰਧਕ ਵੱਲੋਂ ਫੈਸਲਾ ਕੀਤਾ ਹੋਵੇ। **ਇੰਟਰ ਡਿਸਟ੍ਰਿਕਟ ਟ੍ਰਾਂਸਫਰ ਬੇਨਤੀ ਪੱਤਰ ਹਰੇਕ ਸਾਲ ਸਲਾਨਾ ਐਪਲੀਕੇਸ਼ਨ ਸਮੇਂ ਭਰਨਾ ਲਾਜ਼ਮੀਂ ਹੈ, ਨਹੀਂ ਤਾਂ ਵਿਦਿਆਰਥੀ ਨੂੰ ਵਰਤਮਾਨ (ਇਸ) ਸਕੂਲੀ ਸਾਲ ਦੇ ਅੰਤ ਤੇ ਡਰਾਪ ਕਰ ਦਿੱਤਾ ਜਾਵੇਗਾ।** ਜੇਕਰ ਕੋਈ ਵਿਦਿਆਰਥੀ ਵਧੀਆ ਗ੍ਰੇਡ, ਸਕੂਲੀ ਹਾਜ਼ਰੀ ਅਤੇ ਵਿਵਹਾਰ ਕਾਇਮ ਨਹੀਂ ਰੱਖਦਾ ਤਾਂ ਸਕੂਲੀ ਪ੍ਰਿੰਸੀਪਲ ਪ੍ਰਵਾਣਿਤ ਇੰਟਰ ਡਿਸਟ੍ਰਿਕਟ **ਬੇਨਤੀ ਨੂੰ ਰੱਦ ਕਰ ਸਕਦੇ ਹਨ**। ਟ੍ਰਾਂਸਫਰ ਪ੍ਰਵਾਨ ਹੋਣ ਤੋਂ ਬਾਅਦ ਵੀ ਕਾਗਜ਼ੀ ਕਾਪੀ ਦੀ ਲੋੜ ਹੋਵੇਗੀ।

## ਇੰਟਰਾ ਡਿਸਟ੍ਰਿਕਟ ਟ੍ਰਾਂਸਫਰ (ਡਿਸਟ੍ਰਿਕਟ ਦੇ ਵਿੱਚ) ਲਈ ਬੇਨਤੀ ਦੀ ਪ੍ਰਵਾਨਗੀ ਲਈ ਗਾਈਡ ਲਾਈਨਾ:

1) ਇੰਟਰਾ ਡਿਸਟ੍ਰਿਕਟ (ਡਿਸਟ੍ਰਿਕਟ ਦੇ ਵਿੱਚ) ਟ੍ਰਾਂਸਫਰ ਲਈ ਬੇਨਤੀ ਪੱਤਰ ਲਈ ਪ੍ਰਥਮਤਾਵਾਂ
    - ਬੋਰਡ ਪਾਲਸੀ ਵਿੱਚ ਬਿਆਨ ਕੀਤੇ ਅਨੁਸਾਰ ਸਕੂਲੀ ਰਿਹਾਈਸ਼ੀ ਖੇਤਰ ਤੋਂ ਬਾਹਰ ਰਹਿਣ ਵਾਲੇ ਕਿਸੇ ਵੀ ਟ੍ਰਾਂਸਫਰ (ਤਬਦੀਲੀ) ਕਰਵਾਉਣ ਵਾਲੇ ਵਿਦਿਆਰਥੀ ਨੂੰ ਸਕੂਲ ਦੇ ਰਿਹਾਈਸ਼ੀ ਖੇਤਰ ਵਿੱਚ ਰਹਿਣ ਵਾਲੇ ਵਿਦਿਆਰਥੀ ਦੀ ਜਗ੍ਹਾ ਨਹੀਂ ਦਿੱਤੀ ਜਾ ਸਕਦੀ

- ਵਿਦਿਆਰਥੀ ਜੋ ਪਿਛਲੇ ਸਕੂਲੀ ਸਾਲ ਦੌਰਾਨ ਪ੍ਰਵਾਨਿਤ ਇੰਟਰਾ ਡਿਸਟ੍ਰਿਕਟ ਟ੍ਰਾਂਸਫਰ ਤੇ ਸਕੂਲ ਵਿੱਚ ਹਾਜ਼ਰ ਸਨ
- ਜਿਨ੍ਹਾਂ ਸਕੂਲਾਂ ਬਾਰੇ "ਲਗਾਤਾਰ ਖਤਰਨਾਕ" ਹੋਣ ਦਾ ਸਟੇਟ ਵੱਲੋਂ ਫੈਸਲਾ ਕੀਤਾ ਗਿਆ ਹੋਵੇ ਉਹਨਾ ਵਿੱਚੋਂ ਤਬਦੀਲੀ ਕਰਵਾਉਣ ਵਾਲੇ ਵਿਦਿਆਰਥੀ
- ਇੰਟਰਾ ਡਿਸਟ੍ਰਿਕਟ (ਡਿਸਟ੍ਰਿਕਟ ਦੇ ਵਿੱਚ) ਬੇਨਤੀ ਪੱਤਰ ਜਿਨ੍ਹਾਂ ਵਿੱਚ ਭੈਣ-ਭਰਾ ਪਹਿਲਾਂ ਹੀ ਬੇਨਤੀ ਕਰਨ ਵਾਲੇ ਸਕੂਲ ਵਿੱਚ ਪੜ੍ਹਦੀ/ਪੜ੍ਹਦਾ ਹੋਵੇ, ਜਾਂ ਪ੍ਰਵਾਨਗੀ ਨਕਾਰੀ ਗਈ ਹੋਵੇ
- ਕੋਈ ਵੀ ਵਿਦਿਆਰਥੀ ਜਿਸ ਦੇ ਮਾਪੇ/ਗਾਰਡੀਅਨ ਦੇ ਕੰਮ ਦੀ ਮੁੱਢਲੀ ਜਗ੍ਹਾ ਉਹੀ ਸਕੂਲ ਹੋਵੇ
- ਯੂਬਾ ਸਿਟੀ ਯੂਨੀਫਾਈਡ ਸਕੂਲ ਡਿਸਟ੍ਰਿਕਟ ਦੇ ਹੋਰ ਸਾਰੇ ਰਹਿਣ ਵਾਲੇ

2) ਉੱਪਰ ਲਿਖੀਆਂ ਪ੍ਰਥਮਤਾਵਾਂ ਤੋਂ ਬਿਨਾ, ਜੇਕਰ ਕਿਸੇ ਸਕੂਲ ਲਈ ਉੱਪਲਭਧ ਜਗ੍ਹਾ ਤੋਂ ਜ਼ਿਆਦਾ ਬੇਨਤੀ ਪੱਤਰ ਹਨ ਤਾਂ ਸਕੂਲ ਦੀ ਸਮਰੱਥਾ ਪੂਰੀ ਹੋਣ ਤੱਕ ਵਿਦਿਆਰਥੀ ਇੰਟਰਾ ਡਿਸਟ੍ਰਿਕਟ ਟ੍ਰਾਂਸਫਰ ਬੇਨਤੀ ਪੱਤਰਾਂ ਨੂੰ ਇੱਕ ਬੇਤਰਤੀਬ, ਨਿਰਪੱਖ ਚੋਣ ਪ੍ਰਕਿਰਿਆ (ਲਾਟਰੀ) ਦੁਆਰਾ ਚੁਣਿਆ ਜਾਵੇਗਾ।

3) ਇੱਕੋ ਸਮੇ ਜਨਮੇਂ ਬਹੁਤੇ ਬੱਚਿਆਂ (ਜੌੜੇ, ਜਾਂ ਜ਼ਿਆਦਾ) ਵਿਦਿਆਰਥੀਆਂ ਨੂੰ ਲਾਟਰੀ ਵਿੱਚ ਇੱਕ ਨੰਬਰ ਹੀ ਗਿਣਿਆ ਜਾਵੇਗਾ। ਜੇਕਰ ਉਹਨਾ ਦਾ ਨੰਬਰ ਨਿਕਲਦਾ ਹੈ ਅਤੇ ਸਕੂਲ ਵਿੱਚ ਜਗ੍ਹਾ ਘੱਟ ਹੈ ਤਾਂ ਜਿੰਨੀ ਜਗ੍ਹਾ ਉੱਪਲਭਧ ਹੈ ਮਾਪੇ/ਗਾਰਡੀਅਨ ਉਹ ਲੈ ਸਕਦੇ ਹਨ ਅਤੇ ਹੋਰ ਬੱਚਿਆਂ ਨੂੰ ਵੇਟਿੰਗ ਲਿਸਟ ਤੇ ਪਾ ਸਕਦੇ ਹਨ।

4) ਜਿਹੜੇ ਵਿਦਿਆਰਥੀਆਂ ਦੇ ਬੇਨਤੀ ਪੱਤਰ ਪ੍ਰਵਾਨ ਕੀਤੇ ਜਾਣਗੇ ਉਹਨਾ ਲਈ ਬੇਨਤੀ ਵਾਲੇ ਸਕੂਲ ਵਿੱਚ 10 ਦਿਨਾਂ ਦੇ ਅੰਦਰ ਦਾਖਲਾ ਲੈਣਾ ਲਾਜ਼ਮੀਂ ਹੋਵੇਗਾ।

5) ਇੱਕ ਖਾਸ ਸਕੂਲ ਵਿੱਚ ਦਾਖਲਾ ਇੱਕ ਵਿਦਿਆਰਥੀ ਦੇ ਅਕੈਡਮਿਕ ਜਾਂ ਐਥਲੈਟਿਕ ਪ੍ਰਦਰਸ਼ਨ ਤੋਂ ਪ੍ਰਭਾਵਿਤ ਹੋਣ ਦੇ ਅਧਾਰ ਤੇ ਨਹੀਂ ਕੀਤਾ ਜਾਣਾ ਚਾਹੀਦਾ, ਜਦ ਤੱਕ ਬੇਨਤੀ ਪੱਤਰ ਡਿਸਟ੍ਰਿਕਟ ਦੇ ਕਿਸੇ ਖਾਸ ਪ੍ਰੋਗਰਾਮ ਦੇ ਕਾਰਨ ਹੈ ਜੋ ਦਾਖਲੇ ਦੀ ਸ਼੍ਰੇਣੀ ਨੂੰ ਸਕੂਲੀ ਰਜਿਸਟ੍ਰੇਸ਼ਨ ਤੋਂ ਵੱਖ ਕਰਦਾ ਹੈ।

6) ਇੱਕ ਮਾਪਾ/ਗਾਰਡੀਅਨ ਟ੍ਰਾਂਸਫਰ ਦੇ ਬੇਨਤੀ ਪੱਤਰ ਦੀ ਅਪ੍ਰਵਾਨਗੀ ਬਾਰੇ ਡਿਸਟ੍ਰਿਕਟ ਵੱਲੋਂ ਲਿਖਤੀ ਸੂਚਨਾ ਮਿਲਣ ਦੇ 10 ਦਿਨ ਦੇ ਅੰਦਰ ਡਿਸਟ੍ਰਿਕਟ ਵਿੱਚ ਅਪੀਲ ਕਰ ਸਕਦੇ ਹਨ। ਨਾਲ ਹੀ, ਜੇਕਰ ਇੱਕ ਮਾਪੇ/ਗਾਰਡੀਅਨ ਨੂੰ ਲਗਦਾ ਹੈ ਕਿ ਉਹਨਾ ਨਾਲ ਵਿਤਕਰਾ ਕੀਤਾ ਗਿਆ ਹੈ ਤਾਂ ਡਿਸਟ੍ਰਿਕਟ ਦੀ ਸ਼ਿਕਾਇਤ ਕਰਨ ਦੀ ਇੱਕਸਾਰ ਕਾਰਜਪ੍ਰਣਾਲੀ (ਯੂਨੀਫਾਰਮ ਕੰਮਪਲੇਂਟ ਪ੍ਰੋਸੀਜ਼ਰ) ਅਨੁਸਾਰ ਅਪੀਲ ਕਰ ਸਕਦੇ ਹਨ।

7) ਸਪੈਸ਼ਲ ਐਜੂਕੇਸ਼ਨ ਵਾਲੇ ਵਿਦਿਆਰਥੀ ਆਈ ਈ ਪੀ ਵਿੱਚ ਪ੍ਰਵਾਨਿਤ ਜਗ੍ਹਾ ਦੇ ਬਦਲਾਓ ਨਾਲ ਆਪਣੀ ਮਰਜ਼ੀ ਦੇ ਸਕੂਲ ਵਿੱਚ ਉੱਪਰ ਲਿਖੀ ਪ੍ਰਥਮਤਾ ਦੇ ਸਿਸਟਮ ਅਤੇ ਪ੍ਰੋਗਰਾਮ ਵਿੱਚ ਜਗ੍ਹਾ ਦੀ ਉੱਪਲਭਧੀ ਦੇ ਅਧਾਰ ਤੇ 'ਓਪੱਨ ਇੰਨਰੋਲਮੈਂਟ' ਵਿੱਚ ਹਿੱਸਾ ਲੈ ਸਕਦੇ ਹਨ।

8) ਜਦੋਂ ਇੱਕ ਵਿਦਿਆਰਥੀ ਪ੍ਰਵਾਨਿਤ ਇੰਟਰਾ ਡਿਸਟ੍ਰਿਕਟ (ਡਿਸਟ੍ਰਿਕਟ ਦੇ ਵਿੱਚ) ਬੇਨਤੀ ਪੱਤਰ ਦੁਆਰਾ ਆਪਣੇ ਰਿਹਾਈਸ਼ੀ ਖੇਤਰ ਤੋਂ ਬਾਹਰ ਵਾਲੇ ਸਕੂਲ ਲਈ ਸਵੀਕਾਰ ਕਰ ਲਿਆ ਜਾਂਦਾ ਹੈ ਤਾਂ ਨਵਾਂ ਸਕੂਲ ਵਿਦਿਆਰਥੀ ਦਾ ਰਿਹਾਇਸ਼ੀ ਸਕੂਲ ਬਣ ਜਾਂਦਾ ਹੈ। ਜਿਹੜੇ ਵਿਦਿਆਰਥੀ ਦੁਬਾਰਾ ਵਾਪਸ ਆਪਣੇ ਪਹਿਲੇ ਸਕੂਲ ਵਿੱਚ ਜਾਣਾ ਚਾਹੁਣਗੇ, ਉਹਨਾ ਲਈ ਇੰਟਰਾ ਡਿਸਟ੍ਰਿਕਟ (ਡਿਸਟ੍ਰਿਕਟ ਦੇ ਵਿੱਚ) ਬੇਨਤੀ ਪੱਤਰ ਭਰਨਾ ਲਾਜ਼ਮੀਂ ਹੋਵੇਗਾ।

9) ਮਾਪੇ/ਗਾਰਡੀਅਨ ਆਪਣੇ ਬੱਚਿਆਂ ਨੂੰ ਨਵੇਂ ਸਕੂਲ ਜਿਸ ਲਈ ਉਹਨਾ ਦਾ ਬੇਨਤੀ ਪੱਤਰ ਪ੍ਰਵਾਨ ਕੀਤਾ ਗਿਆ ਹੈ, ਉਸ ਸਕੂਲ ਵਿੱਚ ਛੱਡਣ ਅਤੇ ਚੁੱਕਣ ਦੇ ਆਪ ਜ਼ਿੰਮੇਵਾਰ ਹਨ।

## ਇੰਟਰ ਡਿਸਟ੍ਰਿਕਟ ਟ੍ਰਾਂਸਫਰ (ਡਿਸਟ੍ਰਿਕਟ ਤੋਂ ਬਾਹਰ) ਲਈ ਬੇਨਤੀ ਦੀ ਪ੍ਰਵਾਨਗੀ ਲਈ ਗਾਈਡ ਲਾਈਨਾ:

1) ਇੰਟਰ ਡਿਸਟ੍ਰਿਕਟ (ਡਿਸਟ੍ਰਿਕਟ ਤੋਂ ਬਾਹਰ) ਟ੍ਰਾਂਸਫਰ ਲਈ ਬੇਨਤੀ ਪੱਤਰ ਲਈ ਪ੍ਰਥਮਤਾਵਾਂ
    - ਬੋਰਡ ਪਾਲਸੀ ਵਿੱਚ ਬਿਆਨ ਕੀਤੇ ਅਨੁਸਾਰ ਸਕੂਲੀ ਰਿਹਾਈਸ਼ੀ ਖੇਤਰ ਤੋਂ ਬਾਹਰ ਰਹਿਣ ਵਾਲੇ ਕਿਸੇ ਵੀ ਟ੍ਰਾਂਸਫਰ (ਤਬਦੀਲੀ) ਕਰਵਾਉਣ ਵਾਲੇ ਵਿਦਿਆਰਥੀ ਨੂੰ ਸਕੂਲ ਦੇ ਰਿਹਾਈਸ਼ੀ ਖੇਤਰ ਵਿੱਚ ਰਹਿਣ ਵਾਲੇ ਵਿਦਿਆਰਥੀ ਦੀ ਜਗ੍ਹਾ ਨਹੀਂ ਦਿੱਤੀ ਜਾ ਸਕਦੀ
    - ਵਿਦਿਆਰਥੀ ਜੋ ਪਿਛਲੇ ਸਕੂਲੀ ਸਾਲ ਦੌਰਾਨ ਪ੍ਰਵਾਨਿਤ ਇੰਟਰ ਡਿਸਟ੍ਰਿਕਟ ਟ੍ਰਾਂਸਫਰ ਤੇ ਸਕੂਲ ਵਿੱਚ ਹਾਜ਼ਰ ਸਨ

- ਇੰਟਰ ਡਿਸਟ੍ਰਿਕਟ (ਡਿਸਟ੍ਰਿਕਟ ਦੇ ਵਿੱਚ) ਬੇਨਤੀ ਪੱਤਰ ਜਿਨ੍ਹਾਂ ਵਿੱਚ ਭੈਣ-ਭਰਾ ਪਹਿਲਾਂ ਹੀ ਬੇਨਤੀ ਕਰਨ ਵਾਲੇ ਸਕੂਲ ਵਿੱਚ ਪੜ੍ਹਦੀ/ਪੜ੍ਹਦਾ ਹੋਵੇ, ਜਾਂ ਪ੍ਰਵਾਨਗੀ ਨਕਾਰੀ ਗਈ ਹੋਵੇ
- ਕੋਈ ਵੀ ਵਿਦਿਆਰਥੀ ਜਿਸ ਦੇ ਮਾਪੇ/ਗਾਰਡੀਅਨ ਦੇ ਕੰਮ ਦੀ ਮੁੱਢਲੀ ਜਗ੍ਹਾ ਉਹੀ ਸਕੂਲ ਹੋਵੇ

2) ਉੱਪਰ ਲਿਖੀਆਂ ਪ੍ਰਥਮਤਾਵਾਂ ਤੋਂ ਬਿਨਾ, ਜੇਕਰ ਕਿਸੇ ਸਕੂਲ ਲਈ ਉੱਪਲਭਧ ਜਗ੍ਹਾ ਤੋਂ ਜ਼ਿਆਦਾ ਬੇਨਤੀ ਪੱਤਰ ਹਨ ਤਾਂ ਸਕੂਲ ਦੀ ਸਮਰੱਥਾ ਪੂਰੀ ਹੋਣ ਤੱਕ ਵਿਦਿਆਰਥੀ ਇੰਟਰ ਡਿਸਟ੍ਰਿਕਟ ਟ੍ਰਾਂਸਫਰ ਬੇਨਤੀ ਪੱਤਰਾਂ ਨੂੰ ਇੱਕ ਬੇਤਰਤੀਬ, ਨਿਰਪੱਖ ਚੋਣ ਪ੍ਰਕਿਰਿਆ (ਲਾਟਰੀ) ਦੁਆਰਾ ਚੁਣਿਆ ਜਾਵੇਗਾ।

3) ਇੱਕੋ ਸਮੇ ਜਨਮੇਂ ਬਹੁਤੇ ਬੱਚਿਆਂ (ਜੌੜੇ, ਜਾਂ ਜ਼ਿਆਦਾ) ਵਿਦਿਆਰਥੀਆਂ ਨੂੰ ਲਾਟਰੀ ਵਿੱਚ ਇੱਕ ਨੰਬਰ ਹੀ ਗਿਣਿਆ ਜਾਵੇਗਾ। ਜੇਕਰ ਉਹਨਾ ਦਾ ਨੰਬਰ ਨਿਕਲਦਾ ਹੈ ਅਤੇ ਸਕੂਲ ਵਿੱਚ ਜਗ੍ਹਾ ਘੱਟ ਹੈ ਤਾਂ ਜਿੰਨੀ ਜਗ੍ਹਾ ਉੱਪਲਭਧ ਹੈ ਮਾਪੇ/ਗਾਰਡੀਅਨ ਉਹ ਲੈ ਸਕਦੇ ਹਨ ਅਤੇ ਹੋਰ ਬੱਚਿਆਂ ਨੂੰ ਵੇਟਿੰਗ ਲਿਸਟ ਤੇ ਪਾ ਸਕਦੇ ਹਨ।

4) ਜਿਹੜੇ ਵਿਦਿਆਰਥੀਆਂ ਦੇ ਬੇਨਤੀ ਪੱਤਰ ਪ੍ਰਵਾਨ ਕੀਤੇ ਜਾਣਗੇ ਉਹਨਾ ਲਈ ਬੇਨਤੀ ਵਾਲੇ ਸਕੂਲ ਵਿੱਚ 10 ਦਿਨਾਂ ਦੇ ਅੰਦਰ ਦਾਖਲਾ ਲੈਣਾ ਲਾਜ਼ਮੀਂ ਹੋਵੇਗਾ।

5) ਇੱਕ ਖਾਸ ਸਕੂਲ ਵਿੱਚ ਦਾਖਲਾ ਇੱਕ ਵਿਦਿਆਰਥੀ ਦੇ ਅਕੈਡਮਿਕ ਜਾਂ ਐਥਲੈਟਿਕ ਪ੍ਰਦਰਸ਼ਨ ਤੋਂ ਪ੍ਰਭਾਵਿਤ ਹੋਣ ਦੇ ਅਧਾਰ ਤੇ ਨਹੀਂ ਕੀਤਾ ਜਾਣਾ ਚਾਹੀਦਾ, ਜਦ ਤੱਕ ਬੇਨਤੀ ਪੱਤਰ ਡਿਸਟ੍ਰਿਕਟ ਦੇ ਕਿਸੇ ਖਾਸ ਪ੍ਰੋਗਰਾਮ ਦੇ ਕਾਰਨ ਹੈ ਜੋ ਦਾਖਲੇ ਦੀ ਸ਼੍ਰੇਣੀ ਨੂੰ ਸਕੂਲੀ ਰਜਿਸਟ੍ਰੇਸ਼ਨ ਤੋਂ ਵੱਖ ਕਰਦਾ ਹੈ।

6) ਸਪੈਸ਼ਲ ਐਜੂਕੇਸ਼ਨ ਵਾਲੇ ਵਿਦਿਆਰਥੀ ਆਈ ਈ ਪੀ ਵਿੱਚ ਪ੍ਰਵਾਣਿਤ ਜਗ੍ਹਾ ਦੇ ਬਦਲਾਓ ਨਾਲ ਆਪਣੀ ਮਰਜ਼ੀ ਦੇ ਸਕੂਲ ਵਿੱਚ ਉੱਪਰ ਲਿਖੀ ਪ੍ਰਥਮਤਾ ਦੇ ਸਿਸਟਮ ਅਤੇ ਪ੍ਰੋਗਰਾਮ ਵਿੱਚ ਜਗ੍ਹਾ ਦੀ ਉੱਪਲਭਧੀ ਦੇ ਅਧਾਰ ਤੇ 'ਓਪੱਨ ਇੰਨਰੋਲਮੈਂਟ' ਵਿੱਚ ਹਿੱਸਾ ਲੈ ਸਕਦੇ ਹਨ।

7) ਮਾਪੇ/ਗਾਰਡੀਅਨ ਆਪਣੇ ਬੱਚਿਆਂ ਨੂੰ ਨਵੇਂ ਸਕੂਲ ਜਿਸ ਲਈ ਉਹਨਾ ਦਾ ਬੇਨਤੀ ਪੱਤਰ ਪ੍ਰਵਾਨ ਕੀਤਾ ਗਿਆ ਹੈ, ਉਸ ਸਕੂਲ ਵਿੱਚ ਛੱਡਣ ਅਤੇ ਚੁੱਕਣ ਦੇ ਆਪ ਜ਼ਿੰਮੇਵਾਰ ਹਨ।